ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਮੰਡਲ ਸਿੱਖਿਆ ਅਫਸਰ/
ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ./ਐ.ਸਿ.)।

ਮੀਮੋ ਨੰ: 15/1-2017 ਈ ਨਾਨ(1)/543

ਮਿਤੀ: 5-9-17

ਵਿਸ਼ਾ:- ਧਾਰਮਿਕ ਸਮਾਗਮਾਂ ਦੇ ਸਬੰਧ ਵਿੱਚ ਕੱਢੇ ਜਾਂਦੇ ਸ਼ੋਭਾ ਯਾਤਰਾਵਾਂ / ਨਗਰ ਕੀਰਤਨਾਂ ਵਿੱਚ ਸ਼ਾਮਿਲ ਹੋਣ ਲਈ ਅੱਧੇ ਦਿਨ ਦੀ ਛੁੱਟੀਆਂ ਸਬੰਧੀ।

ਪੰਜਾਬ ਸਰਕਾਰ ਵੱਲੋਂ ਧਾਰਮਿਕ ਸਮਾਗਮਾਂ ਸਬੰਧੀ ਕੱਢੇ ਜਾਂਦੇ ਸ਼ੋਭਾ ਯਾਤਰਾਵਾਂ / ਨਗਰ ਕੀਰਤਨਾਂ ਵਿੱਚ ਸ਼ਾਮਿਲ ਹੋਣ ਲਈ ਸਰਕਾਰੀ ਦਫ਼ਤਰਾਂ ਅਤੇ ਹੋਰ ਸੰਸਥਾਵਾਂ ਵਿੱਚ ਕੰਮ ਕਰਦੇ ਅਧਿਕਾਰੀਆਂ / ਕਰਮਚਾਰੀਆਂ ਨੂੰ 4 ਵਾਰ 1/2 ( II ਅੱਧੇ ਦਿਨ ਦੀ) ਛੁੱਟੀਆਂ ਲੈਣ ਲਈ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਇਹ ਛੁੱਟੀਆਂ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ / ਕਰਮਚਾਰੀਆਂ ਲਈ ਵੀ ਹਨ। ਪਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਸਕੂਲ ਮੁੱਖੀਆਂ ਦੁਆਰਾ ਸਕੂਲ ਵਿੱਚ ਕੰਮ ਕਰਦੇ ਅਧਿਆਪਕਾਂ ਨੂੰ ਅੱਧੇ ਦਿਨ ਦੀ ਛੁੱਟੀਆਂ ਮਨਜ਼ੂਰ ਕਰਦੇ ਸਮੇਂ ਰੋਸਟਰ ਬਣਾਇਆ ਜਾਂਦਾ ਹੈ ਅਤੇ ਜਿਹੜੇ ਅਧਿਆਪਕ ਸਕੂਲ ਵਿੱਚ ਪਿੱਛੇ ਰਹਿ ਜਾਂਦੇ ਹਨ, ਉਹਨਾਂ ਦੀ ਅਡਜਟਮੈਂਟ ਲਗਾਈ ਜਾਂਦੀ ਹੈ। ਪਿੱਛੇ ਰਹੇ ਅਧਿਆਪਕ ਵੀ ਉਸ ਦਿਨ ਦੀ ਕਿਸੇ ਨਾ ਕਿਸੇ ਬਹਾਨੇ ਅਚਨਚੇਤ ਛੁੱਟੀ ਲੈਣ ਦੀ ਕੋਸ਼ਿਸ਼ ਕਰਦੇ ਹਨ।ਫਲਸਰੂਪ ਸਕੂਲ ਦੇ ਬਹੁ-ਗਿਣਤੀ ਵਿਚ ਅਧਿਆਪਕ ਛੁੱਟੀ ਤੇ ਚਲੇ ਜਾਂਦੇ ਹਨ ਜਦੋਂ ਕਿ ਵਿਦਿਆਰਥੀਆਂ ਕਲਾਸਾਂ ਦੇ ਵਿੱਚ ਖਾਲੀ ਬੈਠੇ ਹੁੰਦੇ ਹਨ। ਕਿਉਂਕਿ ਸਕੂਲ ਮੁੱਖੀਆਂ ਦੁਆਰਾ ਇਹ ਰੋਸਟਰ ਬਣਾਇਆ ਜਾਂਦਾ ਹੈ ਅਤੇ ਇਹ ਵੇਖਣ ਵਿੱਚ ਆਇਆ ਹੈ ਕਿ 4 ਛੁੱਟੀਆਂ ਦੇ ਇਵਜ ਵਿੱਚ ਪ੍ਰੈਕਟੀਕਲ ਤੌਰ ਤੇ ਸਕੂਲ ਸਾਲ ਦੇ ਵਿੱਚ 16 ਦਿਨ ਬੰਦ ਹੁੰਦਾ ਹੈ।

ਇਸ ਸਾਰੇ ਮਾਮਲੇ ਬਾਰੇ ਅਧਿਆਪਕਾਂ ਦੁਆਰਾ ਵੀ ਬਾਰ ਬਾਰ ਸਰਕਾਰ ਨੂੰ ਸੁਝਾਅ ਦਿੱਤੇ ਗਏ ਹਨ। ਇਹਨਾਂ ਸੁਝਾਵਾਂ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਸਕੂਲ ਮੁੱਖੀ ਸਾਲ ਦੇ ਦਸੰਬਰ ਮਹੀਨੇ ਵਿੱਚ ਅਗਲੇ ਸਾਲ ਆਉਣ ਵਾਲੀਆਂ ਛੁੱਟੀਆਂ ਦੇ ਵਿਚੋਂ 4 ਛੁੱਟੀਆਂ ਦੀ ਚੋਣ ਕਰੇਗਾ। ਸਕੂਲ ਮੁੱਖੀ ਚੋਣ ਕਰਦੇ ਸਮੇਂ ਸਮੂਹ ਸਕੂਲ ਅਧਿਆਪਕਾਂ ਦੇ ਨਾਲ ਵਿਚਾਰ ਕਰਨ ਉਪਰੰਤ ਇਹ ਫੈਸਲਾ ਕਰੇਗਾ। ਸਿੱਖਿਆ ਵਿਭਾਗ ਦੁਆਰਾ ਇਸ ਮੁੱਦੇ ਬਾਰੇ ਈ-ਪੋਰਟਲ ਤੇ ਸਾਫਟਵੇਅਰ ਵਿੱਚ ਲੋੜੀਂਦਾ ਪ੍ਰੋਵੀਜ਼ਨ ਕੀਤਾ ਜਾਵੇਗਾ ਜਿਸ ਨੂੰ ਸਕੂਲ ਮੁੱਖੀ ਸਾਲ ਦੇ ਸ਼ੁਰੂਆਤ ਭਾਵ 7 ਜਨਵਰੀ ਤੱਕ ਅੱਪ-ਲੋਡ ਕਰੇਗਾ। ਇੱਕ ਵਾਰ ਇਹ ਛੁੱਟੀਆਂ ਅੱਪ-ਲੋਡ ਹੋਣ ਉਪਰੰਤ ਸਕੂਲ ਮੁੱਖੀ ਸਾਲ ਦੇ ਦੌਰਾਨ ਇਹਨਾਂ ਛੁੱਟੀਆਂ ਵਿੱਚ ਕੋਈ ਤਬਦੀਲੀ ਨਹੀਂ ਕਰ ਸਕੇਗਾ।

ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

5/9/16

ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.)
ਪੰਜਾਬ।

ਪਿੱਠ ਅੰਕਣ ਨੰ:ਉਕਤ ਮਿਤੀ:

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਡਾਇਰੈਕਟਰ, ਸਿੱਖਿਆ ਵਿਭਾਗ (ਐ.ਸਿ.), ਪੰਜਾਬ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।

5/9/16

ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.)
ਪੰਜਾਬ।

[illegible] 6-9-17

[illegible]

# ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

3365
6-9-17

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।
3) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ।
4) ਸਮੂਹ ਸਕੂਲ ਮੁੱਖੀ।

ਮੀਮੋ ਨੰ: ਸਸਅ/ਐਮਸੀ/2017/9365
ਮਿਤੀ : 6-9-17

**ਵਿਸ਼ਾ:-** **ਸਤੰਬਰ, 2017 ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਸੰਕਲਿਤ ਮੁਲਾਂਕਣ (SA-I) ਅਤੇ ਨੌਵੀਂ ਅਤੇ ਦਸਵੀਂ ਜਮਾਤ ਦੀ ਪ੍ਰੀਖਿਆ ਸਬੰਧੀ ਸਮਾਂ ਸਾਰਨੀ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਤੰਬਰ 2017 ਵਿੱਚ ਵਿਦਿਆਰਥੀਆਂ ਦਾ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦਾ ਸੰਕਲਿਤ ਮੁਲਾਂਕਣ (SA-I) ਅਤੇ ਨੌਵੀਂ ਅਤੇ ਦਸਵੀਂ ਜਮਾਤ ਦੀ ਸਤੰਬਰ 2017 ਪ੍ਰੀਖਿਆ ਲਈ ਜਾਣੀ ਹੈ। ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕਿ ਵਿਦਿਆਰਥੀ ਇਸ ਮੁਲਾਂਕਣ/ਪ੍ਰੀਖਿਆ ਪ੍ਰਤੀ ਪੂਰਨ ਰੂਪ ਵਿੱਚ ਦੁਹਰਾਈ ਕਰ ਸਕਣ ਅਤੇ ਇਸ ਮੁਲਾਂਕਣ ਪ੍ਰਤੀ ਸੰਜੀਦਾ ਹੋ ਜਾਣ, ਤਹਿਤ ਸਮਾਂ ਸਾਰਨੀ ਜਾਰੀ ਕੀਤੀ ਜਾ ਰਹੀ ਹੈ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ. | ਮਿਤੀ | ਦਿਨ | ਦਸਵੀਂ | ਨੌਵੀਂ | ਅੱਠਵੀਂ | ਸੱਤਵੀਂ | ਛੇਵੀਂ |
|---|---|---|---|---|---|---|---|
| 1 | 11.9.2017 | ਸੋਮਵਾਰ | ਸਾਇੰਸ | ਅੰਗੇਰਜ਼ੀ | ਗਣਿਤ | ਅੰਗਰੇਜ਼ੀ | ਸਮਾਜਿਕ ਸਿੱਖਿਆ |
| 2 | 13.9.2017 | ਬੁੱਧਵਾਰ | ਗਣਿਤ | ਸਮਾਜਿਕ ਸਿੱਖਿਆ/ NSQF | ਚੌਣਵਾ ਵਿਸ਼ਾ | ਸਮਾਜਿਕ ਸਿੱਖਿਆ | ਅੰਗਰੇਜ਼ੀ |
| 3 | 14.9.2017 | ਵੀਰਵਾਰ | ਕੰਪਿਊਟਰ ਸਿੱਖਿਆ | ਚੌਣਵਾ ਵਿਸ਼ਾ | ਸਮਾਜਿਕ ਸਿੱਖਿਆ | ---- | ਸਰੀਰਿਕ ਸਿੱਖਿਆ |
| 4 | 15.9.2017 | ਸ਼ੁੱਕਰਵਾਰ | ਪੰਜਾਬੀ ਏ | ਗਣਿਤ | ਕੰਪਿਊਟਰ ਸਿੱਖਿਆ | ਸਾਇੰਸ | ਪੰਜਾਬੀ |
| 5 | 16.9.2017 | ਸ਼ਨੀਵਾਰ | ਪੰਜਾਬੀ ਬੀ | ਸਰੀਰਿਕ ਸਿੱਖਿਆ | ਹਿੰਦੀ | ਕੰਪਿਊਟਰ ਸਿੱਖਿਆ | ਚੌਣਵਾ ਵਿਸ਼ਾ |
| 6 | 18.9.2017 | ਸੋਮਵਾਰ | ਅੰਗਰੇਜ਼ੀ | ਸਾਇੰਸ | ਅੰਗਰੇਜ਼ੀ | ਗਣਿਤ | ਸਾਇੰਸ |
| 7 | 19.9.2017 | ਮੰਗਵਾਰ | ਸਰੀਰਿਕ ਸਿੱਖਿਆ | ਕੰਪਿਊਟਰ ਸਿੱਖਿਆ | ਸਰੀਰਿਕ ਸਿੱਖਿਆ | ਚੌਣਵਾ ਵਿਸ਼ਾ | ---- |
| 8 | 20.9.2017 | ਬੁੱਧਵਾਰ | ਸਮਾਜਿਕ ਸਿੱਖਿਆ/ NSQF | ਪੰਜਾਬੀ ਏ | ---- | ਹਿੰਦੀ | ਗਣਿਤ |
| 9 | 22.9.2017 | ਸ਼ੁੱਕਰਵਾਰ | ਹਿੰਦੀ / NSQF | ਪੰਜਾਬੀ ਬੀ | ਸਾਇੰਸ | ਪੰਜਾਬੀ | ਹਿੰਦੀ |
| 10 | 23.9.2017 | ਸ਼ਨੀਵਾਰ | ਚੌਣਵਾ ਵਿਸ਼ਾ | ਹਿੰਦੀ/ NSQF | ਪੰਜਾਬੀ | ਸਰੀਰਿਕ ਸਿੱਖਿਆ | ਕੰਪਿਊਟਰ ਸਿੱਖਿਆ |

ਮੁਲਾਂਕਣ/ਪ੍ਰੀਖਿਆ ਦਾ ਸਮਾਂ ਸਵੇਰੇ 8:30 ਵਜੇ ਤੋਂ 11:30 ਵਜੇ ਤੱਕ ਰਹੇਗਾ। ਸਕੂਲ ਦੇ ਅਨੁਸ਼ਾਸ਼ਨ ਦੀ ਜਿੰਮੇਵਾਰੀ ਪ੍ਰਿੰਸੀਪਲ/ਹੈੱਡ ਮਾਸਟਰ/ ਸਕੂਲ ਇੰਚਾਰਜ ਦੀ ਹੋਵੇਗੀ। ਸਤੰਬਰ, 2017 ਵਿੱਚ ਛੇਵੀਂ ਤੋਂ ਦਸਵੀਂ ਜਮਾਤ ਦੀ ਪ੍ਰੀਖਿਆ ਸਕੂਲਾਂ ਵੱਲੋਂ ਆਪਣੇ ਪੱਧਰ ਤੇ ਪੇਪਰ ਤਿਆਰ ਕਰਕੇ ਮਿਤੀ 11.9.2017 ਤੋਂ 23.9.2017 ਤੱਕ ਲਈ ਜਾਵੇਗੀ।

2.0 ਕੰਪਿਊਟਰ ਅਧਿਆਪਕ ਆਪਣੇ ਵਿਸ਼ੇ ਦੇ ਮੁਲਾਂਕਣ ਟੂਲਜ਼/ਪੇਪਰ ਆਪਣੇ ਪੱਧਰ ਤੇ ਪੈਟਰਨ ਅਨੁਸਾਰ ਤਿਆਰ ਕਰਨਗੇ। ਜਿਸਦਾ ਸਮਾਂ ਦੋ ਘੰਟੇ ਹੋਵੇਗਾ। ਪ੍ਰੈਕਟੀਕਲ ਮੁਲਾਂਕਣ, ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

3.0 ਛੇਵੀਂ ਤੋਂ ਦਸਵੀਂ ਜਮਾਤ ਦੇ ਸਾਇੰਸ/ ਹਿਸਾਬ/ ਚੋਣਵੇ ਵਿਸ਼ੇ ਦੀ ਪ੍ਰਯੋਗੀ ਪ੍ਰੀਖਿਆ/ ਮੁਲਾਂਕਣ ਵੀ ਸਬੰਧਤ ਵਿਸ਼ਾ ਅਧਿਆਪਕਾਂ ਵੱਲੋਂ ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

4.0 ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ (ਸਤੰਬਰ 2017) ਦੇ ਮੁਲਾਂਕਣ ਲਈ ਸਕੂਲ ਮੁੱਖੀ ਆਪਣੇ ਪੱਧਰ ਤੇ ਸਬੰਧਤ ਵਿਸ਼ਾ ਅਧਿਆਪਕਾਂ ਦੁਆਰਾ, ਪਹਿਲਾਂ ਦੀ ਤਰ੍ਹਾਂ ਪੇਪਰ ਤਿਆਰ ਕਰਵਾ ਲੈਣ ਅਤੇ ਸਕੂਲ ਮੁੱਖੀ ਆਪਣੇ ਪੱਧਰ ਤੇ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਸਾਰੀਆਂ Streams ਲਈ ਸਮਾਂ ਸਾਰਣੀ ਜਾਰੀ ਕਰ ਲੈਣ।

5.0 ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਸਮਾਂ ਸਾਰਣੀ ਜਾਰੀ ਕਰਦੇ ਹੋਏ ਸਕੂਲ ਮੁਖੀ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹਨਾਂ ਜਮਾਤਾਂ ਦਾ ਲਿਖਤੀ ਮੁਲਾਂਕਣ ਵੀ ਮਿਤੀ 11 ਸਤੰਬਰ 2017 ਤੋਂ 23 ਸਤੰਬਰ 2017 ਤੱਕ ਕਰਵਾ ਲਿਆ ਜਾਵੇ ਤਾਂ ਜੋ ਸਾਰੇ ਸਕੂਲਾਂ ਵਿੱਚ ਮੁਲਾਂਕਣ ਦਾ ਸਮਾਂ ਇਕਸਾਰ ਰਹੇ। ਇਸ ਤੋਂ ਇਲਾਵਾ ਜਿਹਨਾਂ ਵਿਸ਼ਿਆਂ ਦਾ ਪ੍ਰਯੋਗੀ ਮੁਲਾਂਕਣ ਹੋਣਾ ਹੈ, ਉਹ ਲਿਖਤੀ ਪ੍ਰੀਖਿਆ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣ।

6.0 ਵਿਦਿਆਰਥੀਆਂ ਨੂੰ ਮੁਲਾਂਕਣ ਤੋਂ ਬਾਅਦ ਮਿਡ-ਡੇ-ਮੀਲ ਵੀ ਦਿੱਤਾ ਜਾਵੇ।

**7.0 ਪਹਿਲੀ ਤੋਂ ਪੰਜਵੀਂ ਜਮਾਤਾਂ ਦਾ ਮੁਲਾਂਕਣ ਪੜ੍ਹੋ ਪੰਜਾਬ ਪੜਾਓ ਪੰਜਾਬ ਪ੍ਰੋਜੈਕਟ (ਪ੍ਰਾਇਮਰੀ ਸਿੱਖਿਆ) ਤਹਿਤ ਕੀਤਾ ਜਾ ਰਿਹਾ ਹੈ।**

8.0 ਬੱਚਿਆਂ ਦੀ ਕਾਰਗੁਜਾਰੀ 29 ਸਤੰਬਰ 2017 ਨੂੰ ਦੱਸੀ ਜਾਵੇਗੀ। ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਪੇ-ਅਧਿਆਪਕ ਮਿਲਣੀ (PTM) 29 ਸਤੰਬਰ 2017 ਨੂੰ ਲਾਜ਼ਮੀ ਤੌਰ ਤੇ ਸਵੇਰੇ 9:00 ਵਜੇ ਤੋਂ 1:00 ਵਜੇ ਤੱਕ ਆਯੋਜਿਤ ਕਰਵਾਉਣ ਤਾਂ ਜੋ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਸਾਂਝੀ ਕੀਤੀ ਜਾ ਸਕੇ ਅਤੇ ਵਿਦਿਆਰਥੀਆਂ ਦੇ ਭਵਿੱਖ ਲਈ ਸਕਾਰਾਤਮਕ ਸਿੱਟੇ ਨਿਕਲ ਸਕਣ।

9.0 ਸਮੂਹ ਸਕੂਲ ਮੁੱਖੀ, ਜਮਾਤ ਇੰਚਾਰਜ ਦੁਆਰਾ ਉੱਕਤ ਸਮਾਂ ਸਾਰਣੀ ਨੂੰ ਵਿਦਿਆਰਥੀਆਂ ਦੀ ਕਾਪੀ ਤੇ ਨੋਟ ਕਰਵਾਉਣ ਅਤੇ ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਦੁਹਰਾਈ ਕਰਵਾਉਣ ਲਈ ਵਿਸ਼ਾ ਅਧਿਆਪਕਾਂ ਨੂੰ ਦੁਹਰਾਈ ਚਾਰਟ ਬਣਾਉਣ ਦੀ ਹਦਾਇਤ ਕਰਨ।

10.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

**ਪਿੱਠਅੰਕਣ ਨੰ: ਸਸਅ/ਐਮਸੀ/2017/** ੳਣ੨੩ **ਮਿਤੀ:** 5-9-17

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਡੀ.ਪੀ.ਆਈ. (ਸੈ.ਸਿ.), ਪੰਜਾਬ।
2) ਡੀ.ਪੀ.ਆਈ. (ਐ.ਸਿ.), ਪੰਜਾਬ।
3) ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

5/9/17

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.) ਮਾਨਸਾ
ਪਿੱਠ ਅੰਕਣ ਨੰ. ਈ-111 ( ) 2017/18 ਮਿਤੀ ਮਾਨਸਾ 6-9-2017
ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ/ਮੁੱਖ-ਅਧਿਆਪਕ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਕਿ ਪੱਤਰ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ